## ਡਾਇਰੈਕਟਰ ਜਨਰਲ ਸਕੂਲ ਐਜੂਕੇਸ਼ਨ-ਕਮ-ਐਸ.ਪੀ.ਡੀ

ਰਾਸ਼ਟਰੀ ਮਾਧਮਿਕ ਸਿੱਖਿਆ ਅਭਿਆਨ ਅਥਾਰਟੀ, ਪੰਜਾਬ, ਐਸ.ਏ.ਐਸ ਨਗਰ
ਪੰਜਵੀ ਮੰਜਿਲ, ਈ ਬਲਾਕ, ਸਿੱਖਿਆ ਭਵਨ, ਫੇਜ਼-8 ਐਸ.ਏ.ਐਸ ਨਗਰ(ਮੁਹਾਲੀ)
ਫੋਨ ਨੰ:0172-5212322

ਪੜ੍ਹਦੇ ਜਾਓ, ਵੱਧਦੇ ਜਾਓ
RASHTRIYA MADHYAMIK SHIKSHA ABHIYAN

4134
3/11/17

ਵੱਲ

1. ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ/ਐ.ਸਿ) (ਨੋਟਿਸ ਬੋਰਡ ਰਾਹੀਂ)
2. ਸਮੂਹ ਪ੍ਰਿੰਸੀਪਲ ਜਿਲ੍ਹਾ ਸਿੱਖਿਆ ਅਤੇ ਸਿਖਲਾਈ ਸੰਸਥਾਵਾਂ (ਨੋਟਿਸ ਬੋਰਡ ਰਾਹੀਂ)
3. ਸਮੂਹ ਸਕੂਲ ਮੁੱਖੀ (ਵੈਬਸਾਇਟ ਰਾਹੀਂ)

ਮੀਮੋ ਨੰ. RMSA/Plan/2017/12221 ਮਿਤੀ: 02/ 11 /2017

**ਵਿਸ਼ਾ:-ਸਕੂਲ/ਸਿੱਖਿਆ ਸੰਸਥਾਵਾਂ ਵਿੱਚ "ਪੰਜਾਬ ਸਟੇਟ ਨੋ ਤੰਬਾਕੂ ਦਿਵਸ" ਮਨਾਉਣ ਸਬੰਧੀ।**

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 ਉਕਤ ਵਿਸ਼ੇ ਸਬੰਧੀ ਤੰਬਾਕੂ ਕੰਟਰੋਲ ਸੈੱਲ, ਸਿਹਤ ਤੇ ਪਰਿਵਾਰ ਭਲਾਈ ਵਿਭਾਗ ਪੰਜਾਬ ਵੱਲੋਂ ਪ੍ਰਾਪਤ ਪੱਤਰ ਦੇ ਸੰਨਮੁੱਖ ਲਿਖਿਆ ਜਾਂਦਾ ਹੈ ਕਿ ਪੰਜਾਬ ਵਿੱਚ 1 ਨਵੰਬਰ ਨੂੰ "ਪੰਜਾਬ ਸਟੇਟ ਨੋ ਤੰਬਾਕੂ ਦਿਵਸ" ਮਨਾਇਆ ਜਾ ਰਿਹਾ ਹੈ। ਇਸ ਸਾਲ ਇਹ ਦਿਨ "Protection of Minor from ill effects of Tobacco" ਥੀਮ ਨਾਲ ਮਨਾਇਆ ਜਾਣਾ ਹੈ। ਇਸ ਸਬੰਧ ਵਿੱਚ ਤੰਬਾਕੂ ਕੰਟਰੋਲ ਸੈੱਲ ਵੱਲੋਂ ਤੰਬਾਕੂ ਵਿਰੋਧੀ ਹਫਤਾ ਮਨਾਉਣ ਲਈ ਸਮੂਹ ਜਿਲ੍ਹਿਆਂ ਵਿੱਚ 1 ਤੋਂ 7 ਨਵੰਬਰ 2017 ਤੱਕ ਸਪੈਸ਼ਲ ਕੈਂਪੇਨ ਚਲਾਈ ਜਾ ਰਹੀ ਹੈ।

3.0 ਉਕਤ ਸਬੰਧੀ ਆਪ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਹਰ ਸਕੂਲ/ ਵਿਦਿਅਕ ਸਸੰਥਾ ਵਿਖੇ ਸਮੂਹ ਸਟਾਫ ਅਤੇ ਵਿਦਿਆਰਥੀਆਂ ਵੱਲੋਂ ਉਕਤ ਸਪੈਸ਼ਲ ਕੈਂਪੇਨ ਤਹਿਤ ਸਵੇਰ ਦੀ ਸਭਾ ਵਿੱਚ ਇਹ ਸੰਹੁ ਚੁਕੀ ਜਾਵੇ:

**"ਮੈਂ ਵਾਅਦਾ ਕਰਦਾ/ਕਰਦੀ ਹਾਂ ਕਿ ਮੈਂ ਪੂਰੀ ਜਿੰਦਗੀ ਕਿਸੇ ਵੀ ਤਰ੍ਹਾਂ ਦੇ ਤੰਬਾਕੂ ਪਦਾਰਥ ਦਾ ਕਿਸੀ ਵੀ ਰੂਪ ਵਿੱਚ ਵਰਤੋਂ ਨਹੀਂ ਕਰਾਂਗੀ/ਕਰਾਂਗਾ। ਮੈਂ ਇਹ ਵੀ ਵਾਅਦਾ ਕਰਦੀ/ਕਰਦਾ ਹਾਂ ਕਿ ਜੇਕਰ ਮੇਰੇ ਪਰਿਵਾਰ ਦਾ ਕੋਈ ਵੀ ਮੈਂਬਰ ਜਾਂ ਰਿਸ਼ਤੇਦਾਰ ਅਤੇ ਮਿੱਤਰ ਕਿਸੇ ਵੀ ਰੂਪ ਵਿੱਚ ਤੰਬਾਕੂ ਦੀ ਵਰਤੋ ਕਰਦੀ/ਕਰਦਾ ਹੈ ਤਾਂ ਮੈਂ ਉਸ ਨੂੰ ਤੰਬਾਕੂ ਸੇਵਨ ਦੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕ ਕਰਾਗੀ/ਕਰਾਂਗਾ ਅਤੇ ਉਸ ਦੀ ਇਸ ਆਦਤ ਨੂੰ ਛੁੱਡਵਾਉਣ ਵਿਚ ਮਦਦ ਕਰਾਂਗਾ/ਕਰਾਂਗੀ।"**

**ਡਾਇਰੈਕਟਰ ਜਨਰਲ ਸਕੂਲ ਸਿੱਖਿਆ,**
**ਪੰਜਾਬ।**

ਮੀਮੋ ਨੰ. RMSA/Plan/2017 ਮਿਤੀ: / /2017

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ:

1. ਪੀ.ਏ. ਟੂ ਸਕੱਤਰ ਸਕੂਲ ਸਿੱਖਿਆ, ਪੰਜਾਬ
2. ਡੀ.ਪੀ.ਆਈ. (ਸੈ.ਸਿ), ਪੰਜਾਬ
3. ਡੀ.ਪੀ.ਆਈ. (ਐ.ਸਿ), ਪੰਜਾਬ
4. ਡਾਇਰੈਕਟਰ ਐਸ.ਸੀ.ਈ.ਆਰ.ਟੀ., ਪੰਜਾਬ
5. ਸਟੇਟ ਪ੍ਰੋਗਰਾਮ ਅਫਸਰ, ਤੰਬਾਕੂ ਕੰਟਰੋਲ ਸੈੱਲ, ਪੰਜਾਬ

**ਡਾਇਰੈਕਟਰ ਜਨਰਲ ਸਕੂਲ ਸਿੱਖਿਆ,**
**ਪੰਜਾਬ।**

ਦਫਤਰ ਜਿਲਾ ਸਿੱਖਿਆ ਅਫਸਰ (ਸੈ.ਸਿ) ਅੰਮ੍ਰਿਤਸਰ
ਮੀਮੋ ਨੰ. ਸੀ-4/2017-1237 ਮਿਤੀ ਅੰਮ੍ਰਿਤਸਰ 3/11/17
ਉਪਰੋਕਤ ਦਾ ਉਤਾਰਾ ਸਮੂਹ ਸਕੂਲ ਮੁਖੀਆਂ ਨੂੰ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ

ਜਿਲਾ ਸਿੱਖਿਆ ਅਫਸਰ (ਸੈ.ਸਿ) 03/11/17

Email sent to DySPD (M)

DGSE PSNTD.jpg

ਪੰਜਾਬ ਸਰਕਾਰ
ਸਿਹਤ ਤੇ ਪਰਿਵਾਰ ਭਲਾਈ ਵਿਭਾਗ
(ਤੰਬਾਕੂ ਕੰਟਰੋਲ ਸੈਲ)
ਕਮਰਾ ਨੰ. 223 ਪਹਿਲੀ ਮੰਜਿਲ ਸੈਕਟਰ 34-ਏ, ਚੰਡੀਗੜ੍ਹ।

ਸੇਵਾ ਵਿਖੇ

ਡਾਇਰੈਕਟਰ ਜਨਰਲ ਸਕੂਲ ਸਿਖਿਆ,
ਪੰਜਾਬ ਰਾਜ।
ਨੰ.ਤੰਬਾਕੂ.ਕੰਟਰੋਲ.ਸੈਲ.ਪੰ/2017/ 9375
ਮਿਤੀ24/10/2017 ਚੰਡੀਗੜ੍ਹ।

ਵਿਸ਼ਾ:- Celebration of Punjab State No Tobacco Day (PSNTD)" on 1st November 2017.

ਪੰਜਾਬ ਵਿੱਚ 1 ਨਵੰਬਰ ਨੂੰ ਪੰਜਾਬ ਸਟੇਟ ਨੋ ਤੰਬਾਕੂ ਦਿਵਸ" ਮਨਾਇਆ ਜਾਂਦਾ ਹੈ, ਸੋ ਹਰ ਸਾਲ ਦੀ ਤਰ੍ਹਾਂ, ਇਸ ਸਾਲ ਵੀ ਇਹ ਦਿਨ "Protection of minors from ill effects of Tobacco". ਥੀਮ ਨਾਲ ਮਨਾਇਆ ਜਾਣਾ ਹੈ। ਇਸ ਸਬੰਧ ਵਿੱਚ ਤੰਬਾਕੂ ਕੰਟਰੋਲ ਸੈਲ ਵੱਲੋਂ ਤੰਬਾਕੂ ਵਿਰੋਧੀ ਹਫਤਾ ਮਨਾਉਣ ਲਈ ਸਾਰੇ ਜਿਲ੍ਹਿਆਂ ਵਿੱਚ 1 ਤੋਂ 7 ਨਵੰਬਰ 2017 ਤੱਕ ਸਪੈਸ਼ਲ ਕੈਂਪੇਨ ਚਲਾਈ ਜਾ ਰਹੀ ਹੈ।

ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ 1 ਤੋਂ 7 ਨਵੰਬਰ ਤੱਕ ਸਕੂਲ/ਵਿਦਿਅਕ ਸੰਸਥਾਵਾਂ ਨੂੰ ਤੰਬਾਕੂ ਫਰੀ ਬਣਾਉਣ ਲਈ ਅਤੇ ਤੰਬਾਕੂ ਦੇ ਸੇਵਨ ਦੇ ਮਾੜੇ ਪ੍ਰਭਾਵਾਂ ਬਾਰੇ ਸਮਾਜ ਵਿੱਚ ਜਾਗਰੂਕਤਾ ਫੈਲਾਉਣ ਲਈ ਜਿਲ੍ਹਾ ਸਿੱਖਿਆ ਅਫਸਰ, ਸਕੂਲਾਂ/ਵਿੱਦਿਅਕ ਸੰਸਥਾਵਾਂ ਵਿੱਚ ਹੇਠ ਲਿਖੀਆਂ ਗਤੀਵਿਧੀਆਂ ਕਰਵਾਉਣ ਲਈ ਦਿਸ਼ਾ ਨਿਰਦੇਸ਼ ਜਾਰੀ ਕੀਤੇ ਜਾਣ:-

- ਜਿਲ੍ਹਾ ਸਿੱਖਿਆ ਅਫਸਰ ਵੱਲੋਂ ਆਪਣੇ ਦਫਤਰ/ਸਕੂਲ ਦੇ ਅਮਲੇ ਨਾਲ ਮੀਟਿੰਗ ਕੀਤੀ ਜਾਵੇ ਅਤੇ ਸਮੂਹ ਅਮਲੇ ਨੂੰ ਕੋਟਪਾ ਐਕਟ 2003 ਦੀ ਧਾਰਾ 6 ਅਤੇ ਜੁਵੇਨਾਈਲ ਜਸਟਿਸ ਐਕਟ 2015 ਬਾਰੇ ਜਾਣੂ ਕਰਵਾਇਆ ਜਾਵੇ। (ਐਕਟਾਂ ਦਾ ਵਿਸਥਾਰ ਸਹਿਤ ਵੇਰਵਾ **http://pbhealth.gov.in/tobacco.html** ਤੇ ਉਪਲੱਬਧ ਹੈ)
- ਹਰ ਜਿਲ੍ਹਾ ਸਿੱਖਿਆ ਅਫਸਰ ਦੇ ਦਫਤਰ ਵਿਖੇ, ਹਰ ਸਿੱਖਿਆ ਅਤੇ ਸਿਖਲਾਈ ਸੰਸਥਾ ਅਤੇ ਹਰ ਤੰਬਾਕੂ ਕੰਟਰੋਲ ਸਬੰਧੀ ਹਰ ਜਿਲ੍ਹਾ ਸਿੱਖਿਆ ਅਫਸਰ ਦੇ ਦਫਤਰ ਵਿਖੇ ... ਇੱਕ ਨੋਡਲ ਅਫਸਰ ਨਿਯੁਕਤ ਕੀਤਾ ਜਾਵੇ ਅਤੇ ਉਸ ਦੇ ਨਾਮ ਅਤੇ ਸਕੂਲ ਵਿਖੇ ਤੰਬਾਕੂ ਕੰਟਰੋਲ ਐਕਟ ਦੀ ਪਾਲਣਾ ਹਿੱਤ ਇੱਕ ਨੋਡਲ ਅਫਸਰ ਨਿਯੁਕਤ ਕੀਤਾ ਜਾਵੇ ਅਤੇ ਉਸ ਦੇ ਨਾਮ ਅਤੇ ਸੰਪਰਕ ਨੰਬਰ ਵਿਦਿਅਕ ਸੰਸਥਾ/ਸਕੂਲ/ਦਫਤਰ ਦੀ ਬਾਹਰਲੀ ਦੀਵਾਰ ਤੇ ਪ੍ਰਦਰਸ਼ਿਤ ਕੀਤਾ ਜਾਵੇ।
- ਹਰ ਸਕੂਲ/ਵਿਦਿਅਕ ਸੰਸਥਾ ਵਿਖੇ ਪਹਿਲਾਂ ਜਾਰੀ ਦਿਸ਼ਾ ਨਿਰਦੇਸ਼ਾਂ ਅਨੁਸਾਰ ਬਣਾਈ ਗਈ ਤੰਬਾਕੂ ਕੰਟਰੋਲ ਕਮੇਟੀ ਵੱਲੋਂ ਇਹ ਚੈੱਕ ਕੀਤਾ ਜਾਵੇ ਕਿ ਸਕੂਲ/ਵਿੱਦਿਅਕ ਸੰਸਥਾਵਾਂ ਦੇ ਅੰਦਰ ਅਤੇ 100 ਗਜ਼ ਦੇ ਘੇਰੇ ਅੰਦਰ ਤੰਬਾਕੂ ਅਤੇ ਤੰਬਾਕੂ ਯੁਕਤ ਪਦਾਰਥ (ਗੁਟਕਾ, ਪਾਨ ਮਸਾਲਾ ਆਦਿ) ਦੀ ਵਿਕਰੀ ਤਾਂ ਨਹੀਂ ਹੋ ਰਹੀ ਇਸ ਕਮੇਟੀ ਵੱਲੋਂ ਇਹ ਵੀ ਚੈੱਕ ਕੀਤਾ ਜਾਵੇ ਕਿ ਇਸ ਸਬੰਧੀ ਜਰੂਰੀ ਸੰਕੇਤ ਸਕੂਲ/ਵਿਦਿਅਕ ਸੰਸਥਾ ਦੇ ਮੁੱਖ ਗੇਟ ਅਤੇ ਬਾਹਰੀ ਦੀਵਾਰਾਂ ਤੇ ਦਰਸਾਏ ਗਏ ਹਨ।
- ਜੇਕਰ ਸਕੂਲ/ਵਿੱਦਿਅਕ ਸੰਸਥਾ ਦੇ 100 ਗਜ਼ ਦੇ ਘੇਰੇ ਅੰਦਰ ਕੋਈ ਵੀ ਤੰਬਾਕੂ ਉਤਪਾਦਾਂ ਦੀ ਵਿਕਰੀ ਹੁੰਦੀ ਪਾਈ ਜਾਂਦੀ ਹੈ, ਤਾਂ ਉਸ ਨੂੰ ਬੰਦ ਕਰਵਾਉਣ ਲਈ ਸੰਸਥਾ ਵੱਲੋਂ ਪੁਲਿਸ ਅਤੇ ਪੰਚਾਇਤ/ਮਿਉਂਸਿਪਲ ਕਮੇਟੀ ਦੀ ਮਦਦ ਲਈ ਜਾਵੇ।
- ਮਿਤੀ 1 ਤੋਂ 7 ਨਵੰਬਰ ਤੱਕ ਆਪਣੀ ਸੁਵਿਧਾ ਅਨੁਸਾਰ ਕਿਸੇ ਵੀ ਇੱਕ ਦਿਨ ਸਕੂਲ/ਵਿੱਦਿਅਕ ਸੰਸਥਾਵਾਂ ਵੱਲੋਂ ਤੰਬਾਕੂ ਦੇ ਮਾੜੇ ਪ੍ਰਭਾਵਾਂ ਸਬੰਧੀ ਜਾਗਰੂਕਤਾ ਮੁਹਿੰਮ ਚਲਾਈ ਜਾਵੇ ਜਿਸ ਤਹਿਤ ਹਰ ਸਕੂਲ/ਵਿੱਦਿਅਕ ਸੰਸਥਾ ਵਿੱਚ ਸੈਮੀਨਾਰ, ਭਾਸ਼ਣ ਪ੍ਰਤੀਯੋਗਤਾ, ਕਵਿਤਾ ਤੇ ਲੇਖ ਪ੍ਰਤੀਯੋਗਤਾ, ਤੰਬਾਕੂ ਵਿਰੋਧੀ ਸਲੋਗਨ, ਪੇਂਟਿੰਗ ਮੁਕਾਬਲੇ ਅਤੇ ਨਾਟਕ/ਨੁੱਕੜ ਨਾਟਕ ਆਦਿ ਕਰਵਾਏ ਜਾਣ ਅਤੇ ਸਥਾਨਕ ਲੋਕਾਂ ਨੂੰ ਜਾਗਰੂਕ ਕਰਨ ਲਈ ਰੈਲੀਆਂ ਵੀ ਕੱਢੀਆਂ ਜਾਣ।
- ਹਰ ਸਕੂਲ/ਵਿੱਦਿਅਕ ਸੰਸਥਾ ਵਿਖੇ ਸਮੂਹ ਸਟਾਫ ਅਤੇ ਵਿਦਿਆਰਥੀਆਂ ਵੱਲੋਂ ਮਿਤੀ 1-11-2017 ਨੂੰ ਸਵੇਰ ਦੀ ਸਭਾ ਵਿੱਚ ਇਹ ਸਹੁੰ ਚੁਕੀ ਜਾਵੇ:

  *" ਮੈਂ ਵਾਅਦਾ ਕਰਦਾ/ਕਰਦੀ ਹਾਂ ਕਿ ਮੈਂ ਪੂਰ ਜਿੰਦਗੀ ਕਿਸੇ ਵੀ ਤਰ੍ਹਾਂ ਦੇ ਤੰਬਾਕੂ ਪਦਾਰਥ ਦਾ ਕਿਸੀ ਵੀ ਰੂਪ ਵਿੱਚ ਵਰਤੋਂ ਨਹੀਂ ਕਰਾਂਗੀ/ਕਰਾਂਗਾ। ਮੈਂ ਇਹ ਵੀ ਵਾਅਦਾ ਕਰਦੀ/ਕਰਦਾ ਹਾਂ ਕਿ ਜੇਕਰ ਮੇਰੇ ਪਰਿਵਾਰ ਦਾ ਕੋਈ ਵੀ ਮੈਂਬਰ ਜਾਂ ਰਿਸ਼ਤੇਦਾਰ ਅਤੇ ਮਿੱਤਰ ਕਿਸੇ ਵੀ ਰੂਪ ਵਿੱਚ ਤੰਬਾਕੂ ਦੀ ਵਰਤੋਂ ਕਰਦੀ/ਕਰਦਾ ਹੈ ਤਾਂ ਮੈਂ ਉਸ ਨੂੰ ਤੰਬਾਕੂ ਦੇ ਮਾੜੇ ਸੇਵਨ ਬਾਰੇ ਜਾਗਰੂਕ ਕਰਾਂਗੀ/ਕਰਾਂਗਾ ਅਤੇ ਉਸ ਦੀ ਇਸ ਆਦਤ ਨੂੰ ਛੁਡਵਾਉਣ ਵਿੱਚ ਮਦਦ ਕਰਾਂਗਾ/ਕਰਾਂਗੀ।"*

ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਕਤ ਸਬੰਧੀ ਕੀਤੀ ਗਈ ਕਾਰਵਾਈ ਦੀ ਰਿਪੋਰਟ ਸਟੇਟ ਤੰਬਾਕੂ ਸੈਲ ਪੰਜਾਬ ਦੀ ਈ-ਮੇਲ **tobaccocontrolcellpunjab@yahoo.com** ਤੇ ਭੇਜਣੀ ਯਕੀਨੀ ਬਣਾਈ ਜਾਵੇ।

ਧੰਨਵਾਦ ਸਹਿਤ।

ਸਟੇਟ ਪ੍ਰੋਗਰਾਮ ਅਫਸਰ
ਤੰਬਾਕੂ ਕੰਟਰੋਲ ਸੈਲ, ਪੰਜਾਬ

ਈਮੇਲ ਪਤਾ- tobaccocontrolcellpunjab@yahoo.com
ਫੋਨ ਨੰ. 0172-5012356 ਫੈਕਸ 5012357

O/o DGSE CUM SPD
Sarva Shiksha Abhiyan Authority (Pb.)
Central Dairy
No. 60937 Date 25/10/17